# ਦਫਤਰ ਡਿਪਟੀ ਕਮਿਸ਼ਨਰ -ਕਮ-

## ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ (ਮਹਾਤਮਾ ਗਾਂਧੀ ਨਰੇਗਾ)

**ਜਿਲ੍ਹਾ ਪ੍ਰਬੰਧਕੀ ਕੰਪਲੈਕਸ, ਨਾਭਾ ਰੋਡ,**

**ਪਟਿਆਲਾ।**

---

ਸੇਵਾ ਵਿਖੇ,

ਸੰਯੁਕਤ ਵਿਕਾਸ ਕਮਿਸ਼ਨਰ-ਕਮ-
ਕਮਿਸ਼ਨਰ ਨਰੇਗਾ,ਪੰਜਾਬ,
ਐਸ.ਏ.ਐਸ.ਨਗਰ।

ਪੱਤਰ ਨੰ:/ ਮਿਤੀ:

ਵਿਸ਼ਾ :- **ਹੜਤਾਲ ਤੇ ਚੱਲ ਰਹੇ ਮਹਾਤਮਾ ਗਾਧੀਂ ਨਰੇਗਾ ਸਕੀਮ ਦੇ ਸਟਾਫ ਦਾ ਕੰਟਰੈਕਟ ਖਤਮ ਕਰਨ ਸਬੰਧੀ।**

ਆਪ ਜੀ ਵੱਲੋਂ ਆਪਣੇ ਮੀਮੋ ਨੰਬਰ: 22/10/2016/ਨਰੇਗਾ/5562-93 ਮਿਤੀ:20/8/2021 ਰਾਹੀਂ ਮਹਾਤਮਾ ਗਾਧੀਂ ਨਰੇਗਾ ਸਕੀਮ ਦੇ ਹੜਤਾਲ ਦੇ ਚੱਲ ਰਹੇ ਸਟਾਫ ਨੂੰ 48 ਘੰਟਿਆਂ ਦੇ ਅੰਦਰ-ਅੰਦਰ ਡਿਊਟੀ ਤੇ ਹਾਜਰ ਹੋਣ ਲਈ ਹਦਾਇਤ ਕੀਤੀ ਗਈ ਸੀ ਅਤੇ ਇਹ ਵੀ ਸਪੱਸ਼ਟ ਕੀਤਾ ਗਿਆ ਸੀ ਕਿ ਜਿਹੜੇ ਕ੍ਰਮਚਾਰੀ ਨੀਯਤ ਸਮੇਂ ਦੇ ਅੰਦਰ-ਅੰਦਰ ਆਪਣੀ ਹਾਜਰੀ ਰਿਪੋਰਟ ਨਹੀਂ ਦਿੰਦੇ ਤਾਂ ਉਨ੍ਹਾਂ ਦੇ ਖਿਲਾਫ ਉਨ੍ਹਾਂ ਨਾਲ ਕੀਤੇ ਗਏ ਕੰਨਟਰੈਕਟ ਦੀਆਂ ਸ਼ਰਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ। ਸਰਕਾਰ ਦਾ ਇਹ ਹੁਕਮ ਜਿਲ੍ਹੇ ਦੇ ਸਮੂਹ ਪ੍ਰੋਗਰਾਮ ਅਫਸਰਾਂ ਨੂੰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ),ਪਟਿਆਲਾ ਦੇ ਪੱਤਰ ਨੰ:2813 ਮਿਤੀ:20/8/2021 ਰਾਹੀਂ ਭੇਜ ਕੇ ਲਿਖਿਆ ਗਿਆ ਸੀ ਕਿ ਇਸ ਸਬੰਧੀ ਸਮੂਹ ਨਰੇਗਾ ਕ੍ਰਮਚਾਰੀਆਂ ਨੂੰ ਜਾਣੂ ਕਰਵਾ ਦਿੱਤਾ ਜਾਵੇ ਅਤੇ ਜਿਹੜੇ ਕ੍ਰਮਚਾਰੀ ਨੀਯਤ ਸਮੇਂ ਦੇ ਅੰਦਰ-ਅੰਦਰ ਹਾਜਰ ਨਹੀਂ ਹੁੰਦੇ ਬਾਰੇ ਇਸ ਦਫਤਰ ਨੂੰ ਸੂਚਨਾਂ ਭੇਜੀ ਜਾਵੇ। ਇਸ ਦੋਰਾਨ ਸਰਕਾਰ ਵੱਲੋਂ ਕ੍ਰਮਚਾਰੀਆਂ ਦੀਆਂ ਮੰਗਾਂ ਨੂੰ ਪ੍ਰਵਾਨ ਕਰਦੇ ਹੋਏ ਆਪਣੇ ਮੀਮੋ ਨੰ:22/10/2016/ਨਰੇਗਾ/5710-5732 ਮਿਤੀ:24/8/2021 ਰਾਹੀਂ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਵਾਧਾ ਕਰ ਦਿੱਤਾ ਗਿਆ ਜਿਸ ਕਾਰਨ ਇਸ ਸਬੰਧੀ ਸਮੂਹ ਪ੍ਰੋਗਰਾਮ ਅਫਸਰਾਂ ਨੂੰ ਵਧੀਕ ਡਿਪਟੀ ਕਮਿਸ਼ਨਰ (ਵਿਕਾਸ),ਪਟਿਆਲਾ ਦੇ ਪੱਤਰ ਨੰ:ਮਗਨਰੇਗਾ/2021/ਪਟਿ./2860-2869 ਮਿਤੀ:24/8/2021 ਰਾਹੀਂ ਸੂਚਿਤ ਕੀਤਾ ਗਿਆ ਕਿ ਸਰਕਾਰ ਵੱਲੋਂ ਕ੍ਰਮਚਾਰੀਆਂ ਦੀਆਂ ਮੰਗਾਂ ਨੂੰ ਵਿਚਾਰ ਕੇ ਤਨਖਾਹਾਂ ਵਿੱਚ ਵਾਧਾ ਕਰ ਦਿੱਤਾ ਗਿਆ ਹੈ ਇਸ ਲਈ ਹੁਣ ਨਰੇਗਾ ਸਟਾਫ ਨੂੰ ਇਸ ਸਬੰਧੀ ਜਾਣਕਾਰੀ ਦੇ ਕੇ ਡਿਊਟੀ ਤੇ ਹਾਜਰ ਹੋਣ ਲਈ ਸਹਿਮਤੀ ਲਈ ਜਾਵੇ ਇਸ ਤਰਾਂ 48 ਘੰਟੇ ਬੀਤ ਜਾਣ ਉਪਰੰਤ ਵੀ ਕ੍ਰਮਚਾਰੀਆਂ ਨੂੰ ਡਿਊਟੀ ਤੇ ਹਾਜਰ ਹੋਣ ਲਈ 12 ਘੰਟੇ ਦਾ ਹੋਰ ਸਮਾਂ ਦਿੱਤਾ ਗਿਆ।

ਕੌਮੀ ਰੁਜਗਾਰ ਗਾਰੰਟੀ ਐਕਟ ਵਿੱਚ ਉਪਬੰਧ ਹੈ ਕਿ ਕਿਸੇ ਵੀ ਨਰੇਗਾ ਵਰਕਰ ਵੱਲੋਂ ਜਿਸ ਮਿਤੀ ਨੂੰ ਕੰਮ ਦੀ ਮੰਗ ਕੀਤੀ ਜਾਂਦੀ ਹੈ ਤੋਂ 15 ਦਿਨਾਂ ਦੇ ਅੰਦਰ-ਅੰਦਰ ਉਸ ਨੂੰ ਰੋਜਗਾਰ ਦੇਣਾ ਜਰੂਰੀ ਬਣਾਇਆ ਗਿਆ ਹੈ ਅਤੇ ਅਜਿਹਾ ਨਾ ਕਰ ਸਕਣ ਦੀ ਹਾਲਤ ਵਿੱਚ ਸਬੰਧਤ ਨੂੰ ਬੇ-ਰੁਜਗਾਰੀ ਭੱਤਾ ਦੇਣ ਦਾ ਉਪਬੰਧ ਹੈ। ਨਰੇਗਾ ਸਟਾਫ ਦੀ ਬੇਲੋੜੀ ਹੜਤਾਲ ਕਾਰਨ ਜਿਥੇ ਜਰੂਰਤ ਮੰਦਾਂ ਨੂੰ ਰੋਜਗਾਰ ਦੇਣ ਵਿੱਚ ਦਿੱਕਤ ਆ ਰਹੀ ਹੈ ਉੱਥੇ ਸਮੇਂ ਸਿਰ ਨਾ ਰੋਜਗਾਰ ਦੇਣ ਕਰਕੇ ਲੋਕਾਂ ਵੱਲੋਂ ਬੇ-ਰੋਜਗਾਰੀ ਭੱਤੇ ਦੀ ਮੰਗ ਕੀਤੀ ਜਾ ਸਕਦੀ ਹੈ।

ਜਿਲ੍ਹੇ ਦੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ-ਕਮ- ਪ੍ਰੋਗਰਾਮ ਅਫਸਰਾਂ ਵੱਲੋਂ ਪ੍ਰਾਪਤ ਹੋਈਆਂ ਰਿਪੋਰਟਾਂ ਮੁਤਾਬਿਕ ਮਿਤੀ:25/08/2021 ਤੱਕ ਵੀ ਬਲਾਕਾਂ ਵਿੱਚ 72 ਰੋਜਗਾਰ ਸਹਾਇਕਾਂ,07 ਕੰਪਿਊਟਰ ਸਹਾਇਕਾਂ,06 ਡਾਟਾ ਐਂਟਰੀ ਓਪਰੇਟਰਾਂ, 18 ਤਕਨੀਕੀ ਸਹਾਇਕਾਂ, 07 ਸਹਾਇਕ ਪ੍ਰੋਗਰਾਮ ਅਫਸਰਾਂ ਨੇ ਨੀਯਤ ਸਮੇਂ ਤੱਕ ਹਾਜਰੀ ਨਹੀਂ ਦਿੱਤੀ। ਇਸ ਤੋਂ ਇਲਾਵਾ ਜਿਲ੍ਹਾ ਪੱਧਰ ਤੇ ਤਾਇਨਾਤ 01 ਕੰਪਿਊਟਰ ਸਹਾਇਕ ਵੀ ਡਿਊਟੀ ਤੇ ਹਾਜਰ ਨਹੀਂ ਹੋਇਆ। ਸਰਕਾਰ ਵੱਲੋਂ ਆਪਣੇ ਮੀਮੋ ਨੰ:20/2/06-ਆਈ.ਆਰ.ਡੀ./15035-60 ਮਿਤੀ:01/08/2019 ਰਾਹੀਂ ਦਿੱਤੀਆਂ ਗਈਆਂ ਤਾਕਤਾਂ ਦੀ ਵਰਤੋਂ ਕਰਦੇ ਹੋਏ 72 ਗ੍ਰਾਮ ਰੋਜਗਾਰ ਸਹਾਇਕਾਂ ਦਾ

ਕੰਟਰੈਕਟ ਰੱਦ ਕਰ ਦਿੱਤਾ ਗਿਆ ਹੈ ਅਤੇ ਹੇਠ ਲਿਖੇ ਕ੍ਰਮਚਾਰੀ ਜੋ ਡਿਊਟੀ ਤੇ ਹਾਜਰ ਨਹੀਂ ਹੋਏ ਦਾ ਕੰਟਰੈਕਟ ਰੱਦ ਕਰਨ ਦਾ ਅਧਿਕਾਰ ਆਪ ਜੀ ਪਾਸ ਹੈ।

| ਲੜੀ ਨੰ | ਕਰਮਚਾਰੀ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਅਹੁਦਾ |
|---|---|---|
| 1 | ਅੰਜੂ ਰਾਣਾ | ਸਹਾਇਕ ਪ੍ਰੋਗਰਾਮ ਅਫਸਰ |
| 2 | ਅਮਰਜੀਤ ਸਿੰਘ | ਸਹਾਇਕ ਪ੍ਰੋਗਰਾਮ ਅਫਸਰ |
| 3 | ਅਮਨਦੀਪ ਸਿੰਘ | ਸਹਾਇਕ ਪ੍ਰੋਗਰਾਮ ਅਫਸਰ |
| 4 | ਸਤਵਿੰਦਰ ਸਿੰਘ | ਸਹਾਇਕ ਪ੍ਰੋਗਰਾਮ ਅਫਸਰ |
| 5 | ਸ਼ਵਿੰਦਰਵੀਰ ਸ਼ਰਮਾਂ | ਸਹਾਇਕ ਪ੍ਰੋਗਰਾਮ ਅਫਸਰ |
| 6 | ਲਖਵਿੰਦਰ ਸਿੰਘ | ਸਹਾਇਕ ਪ੍ਰੋਗਰਾਮ ਅਫਸਰ |
| 7 | ਜਸਵਿੰਦਰ ਕੌਰ | ਸਹਾਇਕ ਪ੍ਰੋਗਰਾਮ ਅਫਸਰ |
| 8 | ਸਤਨਾਮ ਸਿੰਘ, | ਤਕਨੀਕੀ ਸਹਾਇਕ |
| 9 | ਅਨਿਰੁੱਧ ਵਰਮਾਂ | ਤਕਨੀਕੀ ਸਹਾਇਕ |
| 10 | ਅਮਨਜੋਤ ਸਿੰਘ, ਪਟਿ | ਤਕਨੀਕੀ ਸਹਾਇਕ |
| 11 | ਨੀਤਿਨ ਮਹਿਤਾ ਪਟਿ | ਤਕਨੀਕੀ ਸਹਾਇਕ |
| 12 | ਹਰਮਨਪ੍ਰੀਤ ਸਿੰਘ | ਤਕਨੀਕੀ ਸਹਾਇਕ |
| 13 | ਨਵਦੀਪ ਸਿੰਘ | ਤਕਨੀਕੀ ਸਹਾਇਕ |
| 14 | ਅਰਸ਼ਦੀਪ ਸਿੰਘ (sanour) | ਤਕਨੀਕੀ ਸਹਾਇਕ |
| 15 | ਰਵਿੰਦਰ ਦੱਤ | ਤਕਨੀਕੀ ਸਹਾਇਕ |
| 16 | ਪ੍ਰਿੰਸ ਕਾਂਸ਼ਲ | ਤਕਨੀਕੀ ਸਹਾਇਕ |
| 17 | ਸ਼ੈਰੀ ਬਾਂਸਲ | ਤਕਨੀਕੀ ਸਹਾਇਕ |
| 18 | ਅਮਨਦੀਪ ਸਿੰਘ, Patran | ਤਕਨੀਕੀ ਸਹਾਇਕ |
| 19 | ਅਰਸ਼ਦੀਪ ਸਿੰਘ, (NABHA) | ਤਕਨੀਕੀ ਸਹਾਇਕ |
| 20 | ਲਵਜੀਤ ਸਿੰਘ | ਤਕਨੀਕੀ ਸਹਾਇਕ |
| 21 | ਜਸਮਿੰਦਰ ਕੁਮਾਰ | ਤਕਨੀਕੀ ਸਹਾਇਕ |
| 22 | ਇੰਦਰਪ੍ਰੀਤ ਸਿੰਘ | ਤਕਨੀਕੀ ਸਹਾਇਕ |
| 23 | ਅਜੈ ਕੁਮਾਰ | ਤਕਨੀਕੀ ਸਹਾਇਕ |
| 24 | ਤਰਨਪ੍ਰੀਤ ਸਿੰਘ | ਤਕਨੀਕੀ ਸਹਾਇਕ |
| 25 | ਗੁਰਮੀਤ ਸਿੰਘ | ਤਕਨੀਕੀ ਸਹਾਇਕ |
| 26 | ਜਤਿੰਦਰ ਸਿੰਘ | ਕੰਪਿਊਟਰ ਸਹਾਇਕ |
| 27 | ਜਗਦੀਪ ਸਿੰਘ | ਕੰਪਿਊਟਰ ਸਹਾਇਕ |
| 28 | ਜਸਪਾਲ ਸਿੰਘ | ਕੰਪਿਊਟਰ ਸਹਾਇਕ |

| | | |
|---|---|---|
| 29 | ਜਸਵੰਤ ਸਿੰਘ | ਕੰਪਿਊਟਰ ਸਹਾਇਕ |
| 30 | ਅਮਿਤ ਸੱਚਦੇਵਾ | ਕੰਪਿਊਟਰ ਸਹਾਇਕ |
| 31 | ਮਨਿੰਦਰ ਕੌਰ | ਕੰਪਿਊਟਰ ਸਹਾਇਕ |
| 32 | ਯਤਿੰਦਰ ਕੁਮਾਰ | ਕੰਪਿਊਟਰ ਸਹਾਇਕ |
| 33 | ਰਾਕੇਸ਼ ਕੁਮਾਰ | ਕੰਪਿਊਟਰ ਸਹਾਇਕ |
| 34 | ਦਲਜੀਤ ਕੌਰ | ਕੰਪਿਊਟਰ ਸਹਾਇਕ |
| 35 | ਨੀਤਿਨ ਕੁਮਾਰ | ਡਾਟਾ ਐਂਟਰੀ ਓਪਰੇਟਰ |
| 36 | ਸਾਜਨ | ਡਾਟਾ ਐਂਟਰੀ ਓਪਰੇਟਰ |
| 37 | ਅਮਨਦੀਪ ਕੌਰ | ਡਾਟਾ ਐਂਟਰੀ ਓਪਰੇਟਰ |
| 38 | ਹਰਜਿੰਦਰ ਸਿੰਘ | ਡਾਟਾ ਐਂਟਰੀ ਓਪਰੇਟਰ |
| 39 | ਰੁਪਿੰਦਰ ਕੌਰ | ਡਾਟਾ ਐਂਟਰੀ ਓਪਰੇਟਰ |

ਇਸ ਲਈ ਲੋਕ ਹਿੱਤ ਨੂੰ ਮੁੱਖ ਰੱਖਦੇ ਹੋਏ ਇਨ੍ਹਾਂ ਉਕਤ ਕ੍ਰਮਚਾਰੀਆਂ ਦਾ ਕੰਟਰੈਕਟ ਆਪ ਜੀ ਦੇ ਪੱਧਰ ਤੇ ਰੱਦ ਕਰਨ ਲਈ ਪੁਰਜ਼ੋਰ ਸਿਫਾਰਸ਼ ਕੀਤੀ ਜਾਂਦੀ ਹੈ।

(ਕੁਮਾਰ ਅਮਿਤ ਆਈ.ਏ.ਐਸ)
ਡਿਪਟੀ ਕਮਿਸ਼ਨਰ-ਕਮ-
ਜਿਲਾ ਪ੍ਰੋਗਰਾਮ ਕੋਆਰਡੀਨੇਟਰ ਮਗਨਰੇਗਾ,
ਪਟਿਆਲਾ।
ਮਿਤੀ/ 25/8/21

ਪਿੱਠ ਅੰਕਣ ਨੰ:/2946

ਇਸ ਦਾ ਇਕ ਉਤਾਰਾ :-

1. ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ-ਕਮ-ਪ੍ਰੋਗਰਾਮ ਅਫਸਰ, ਜਿਲ੍ਹਾ ਪਟਿਆਲਾ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।
2. ਜਿਲ੍ਹਾ ਸੂਚਨਾਂ ਅਤੇ ਵਿਗਿਆਨ ਅਫਸਰ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਸ ਪੱਤਰ ਨੂੰ ਜਿਲ੍ਹੇ ਦੀ ਵੈੱਬ ਸਾਇਟ ਤੇ ਪਾਇਆ ਜਾਵੇ।

(ਕੁਮਾਰ ਅਮਿਤ ਆਈ.ਏ.ਐਸ)
ਡਿਪਟੀ ਕਮਿਸ਼ਨਰ-ਕਮ-
ਜਿਲਾ ਪ੍ਰੋਗਰਾਮ ਕੋਆਰਡੀਨੇਟਰ ਮਗਨਰੇਗਾ,
ਪਟਿਆਲਾ।